ਸਾਇੰਸ ਆਫ਼ ਦੀ ਸੋਲ - ਅਮਰੀਕਾ ਵਲੋਂ ਅਧਿਕਾਰਿਕ ਸੂਚਨਾ

**ਬਾਬਾ ਜੀ ਦਾ ਸਤਿਸੰਗ ਪ੍ਰੋਗਰਾਮ**

ਸਾਇੰਸ ਆਫ਼ ਦੀ ਸੋਲ ਸਟੱਡੀ ਸੈਂਟਰ - ਪੈਟਾਲੂਮਾ

2415 East Washington Street, Petaluma, California 94954
www.petalumaprogram.org

ਬੁੱਧਵਾਰ, ਜੁਲਾਈ 27 ਅਤੇ ਵੀਰਵਾਰ, ਜੁਲਾਈ 28, 2022

ਸਤਿਸੰਗ ਪ੍ਰੋਗਰਾਮ

| | |
|---|---|
| ਗੇਟ ਖੁੱਲਣ ਦਾ ਸਮਾਂ: | 6:00 am |
| ਸਤਿਸੰਗ ਹਾਲ ਖੁੱਲਣ ਦਾ ਸਮਾਂ: | 6:30 am |
| ਸਗੰਤ ਸੀਟਾਂ ਤੇ ਬੈਠ ਜਾਏ: | 8:45 am |
| ਸਤਿਸੰਗ ਸ਼ੁਰੂ ਹੋਣ ਦਾ ਸਮਾਂ: | 9:30 am |
| ਸਤਿਸੰਗ ਖਤਮ ਹੋਣ ਦਾ ਸਮਾਂ: | 11:00 am |
| ਸੈਂਟਰ ਬੰਦ ਹੋਣ ਦਾ ਸਮਾਂ: | 1:30 pm |

**ਆਮੰਤ੍ਰਿਤ ਖੇਤਰ – ਸਿਰਫ ਹੇਠਾਂ ਲਿਖੀਆਂ ਸਟੇਟਾਂ ਦੇ ਨਿਵਾਸੀ ਪੈਟਾਲੂਮਾ ਸਤਿਸੰਗ ਪ੍ਰੋਗਰਾਮ ਲਈ ਆਮੰਤ੍ਰਿਤ ਹਨ:**
AK, AR, AZ, CA, CO, HI, ID, KS, MO, MT, NM, NV, OK, OR, TX, UT, WA, WY.
ਅਮਰੀਕਾ ਤੋਂ ਬਾਹਰ ਰਹਿਣ ਵਾਲੀ ਸੰਗਤ ਨੂੰ ਪੈਟਾਲੂਮਾ ਸਤਿਸੰਗ ਪ੍ਰੋਗਰਾਮ ਤੇ ਆਉਣ ਦੀ ਇਜਾਜ਼ਤ ਨਹੀਂ ਹੈ।

**ਸਤਿਸੰਗ ਪ੍ਰੋਗਰਾਮ –** ਰੋਜ਼ ਸਵੇਰੇ 9:30 ਵਜੇ ਸਤਿਸੰਗ ਸ਼ੁਰੂ ਹੋਵੇਗਾ, ਜਿਸ ਤੋਂ ਬਾਅਦ ਸਵਾਲ-ਜਵਾਬ ਹੋਣਗੇ।

**ਪਹੁੰਚਣ ਦਾ ਸਮਾਂ** – ਕਿਰਪਾ ਕਰ ਕੇ ਸੈਂਟਰ ਤੇ ਸਵੇਰੇ 6:00 ਵਜੇ ਤੋਂ ਪਹਿਲਾਂ ਨਾ ਪਹੁੰਚਣਾ ਜੀ। ਪਹਿਲਾਂ ਪਹੁੰਚਣ ਨਾਲ ਸੁਰੱਖਿਆ ਅਤੇ ਟ੍ਰੈਫਿਕ ਲਈ ਖ਼ਤਰੇ ਵਾਲੀ ਸਥਿਤੀ ਪੈਦਾ ਹੋ ਸਕਦੀ ਹੈ। ਗੇਟ ਖੁੱਲਣ ਤੋਂ ਪਹਿਲਾਂ ਸੰਗਤ ਦੀ ਸਹੂਲਤ ਲਈ ਕੋਈ ਵੀ ਸੁਵਿਧਾ ਉਪਲੱਬਧ ਨਹੀਂ ਹੋਵੇਗੀ। ਕਿਰਪਾ ਕਰ ਕੇ ਸੇਵਾਦਾਰਾਂ ਨੂੰ ਸੈਂਟਰ ਤੇ ਪਹੁੰਚਣ, ਅਤੇ ਸੈਂਟਰ ਦੀ ਤਿਆਰੀ ਕਰਨ ਲਈ ਉਚਿਤ ਵਕਤ ਅਤੇ ਸਹਿਯੋਗ ਦਿਓ ਜੀ। **6:30 ਵਜੇ ਤੋਂ ਪਹਿਲਾਂ ਕਿਸੇ ਨੂੰ ਵੀ ਹਾਲ ਦੇ ਅੰਦਰ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਨਿਰਧਾਰਤ ਸਮੇਂ ਤੇ ਆਉਣ ਵਾਲੀ ਸੰਗਤ ਪ੍ਰਤੀ ਨਿਰਪੱਖ ਰਹਿਣ ਵਾਸਤੇ, ਹਾਲ ਦੇ ਅੰਦਰ ਜਾਣ ਲਈ ਬੇਤਰਤੀਬ ਢੰਗ ਨਾਲ ਲਾਈਨ ਚੁਣੀ ਜਾਵੇਗੀ।**

**ਬੈਠਣ ਦਾ ਇੰਤਜ਼ਾਮ –** ਸੰਗਤ ਨੂੰ ਸਵੇਰੇ 8:45 ਵਜੇ ਤਕ ਆਪਣੀ ਸੀਟਾਂ ਤੇ ਬੈਠ ਜਾਣਾ ਚਾਹੀਦਾ ਹੈ। ਜੋ ਲੋਕ ਇਕੱਠੇ ਬੈਠਣਾ ਚਾਹੁੰਦੇ ਹਨ, ਉਹਨਾਂ ਨੂੰ ਇਕੱਠੇ ਪਹੁੰਚਣਾ ਚਾਹੀਦਾ ਹੈ। ਦੂਸਰਿਆਂ ਲਈ ਸੀਟਾਂ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਭ ਦੀ ਸੁਰੱਖਿਆ ਅਤੇ ਸਹੂਲਤ ਲਈ, ਕਿਰਪਾ ਕਰ ਕੇ ਸੇਵਾਦਾਰਾਂ ਨੂੰ ਸਹਿਯੋਗ ਦਿਓ ਜੀ।

**ਸਤਿਸੰਗ ਦਾ ਨਾਲ-ਨਾਲ ਭਾਸ਼ਾ ਅਨੁਵਾਦ –** ਪੰਜਾਬੀ/ਹਿੰਦੀ ਭਾਸ਼ਾ ਦਾ ਅੰਗਰੇਜ਼ੀ ਭਾਸ਼ਾ ਵਿਚ ਅਤੇ ਅੰਗਰੇਜ਼ੀ ਭਾਸ਼ਾ ਦਾ ਸਪੈਨਿਸ਼ ਭਾਸ਼ਾ ਵਿਚ ਨਾਲ-ਨਾਲ ਅਨੁਵਾਦ ਹੋਵੇਗਾ। ਇਸ ਸੁਵਿਧਾ ਲਈ ਹਾਲ ਵਿਚ ਕੁਝ ਜਗ੍ਹਾ ਤੇ ਹੈਡਫੋਨ ਲੱਗਾਏ ਗਏ ਹਨ। ਮਗਰ ਇਹ ਜਗ੍ਹਾ ਸੀਮਿਤ ਹੈ, ਇਸ ਲਈ ਜੋ ਲੋਕ ਪਹਿਲਾਂ ਆਉਣਗੇ, ਉਹਨਾਂ ਨੂੰ ਓਥੇ ਪਹਿਲਾਂ ਬਿਠਾਇਆ ਜਾਵੇਗਾ।

**ਸਵਾਲ-ਜਵਾਬ –** ਸਤਿਸੰਗ ਤੋਂ ਬਾਅਦ ਸਵਾਲ-ਜਵਾਬ ਦਾ ਪ੍ਰੋਗਰਾਮ ਹੋਵੇਗਾ। ਜੋ ਲੋਕ ਬਾਬਾ ਜੀ ਨੂੰ ਸਵਾਲ ਪੁੱਛਣਾ ਚਾਹੁੰਦੇ ਹਨ, ਉਹਨਾਂ ਦਾ ਚੁਣਾਓ ਰੋਜ਼ ਸਤਿਸੰਗ ਤੋਂ ਪਹਿਲਾਂ ਇਕ **ਪਰਚੀ** ਦੇ ਜ਼ਰੀਏ ਕੀਤਾ ਜਾਵੇਗਾ। ਚੁਣਾਓ ਏਰੀਆ ਰੋਜ਼ ਸਵੇਰੇ 7:00 ਵਜੇ ਖੁੱਲ੍ਹੇਗਾ ਅਤੇ 8:00 ਵਜੇ ਬੰਦ ਹੋ ਜਾਵੇਗਾ, ਜਿਸ ਤੋਂ ਬਾਅਦ **ਬੇਤਰਤੀਬ ਢੰਗ ਨਾਲ ਪਰਚੀ** ਕੱਢੀ ਜਾਵੇਗੀ। ਜੇ ਤੁਸੀਂ ਸਵਾਲ ਪੁੱਛਣਾ ਚਾਹੁੰਦੇ ਹੋ ਤਾਂ ਪਹਿਲਾਂ ਤੁਸੀਂ ਆਪਣੀ ਸੀਟ

ਰੱਖ ਲਵੋ, ਅਤੇ ਫਿਰ ਹਾਲ ਦੇ ਪਿੱਛਲੇ ਪਾਸੇ ਸਵਾਲ-ਜਵਾਬ ਚੁਣਾਓ ਏਰੀਆ ਤੇ ਆ ਜਾਓ। ਅਗਰ ਤੁਹਾਡਾ ਚੁਣਾਓ ਨਹੀਂ ਹੁੰਦਾ ਤਾਂ ਤੁਸੀਂ ਵਾਪਿਸ ਆਪਣੀ ਰੱਖੀ ਹੋਈ ਸੀਟ ਤੇ ਜਾ ਕਾ ਬੈਠ ਜਾਓ। ਚੁਣਾਓ ਦੀ ਪ੍ਰਕਿਰਿਆ ਖ਼ਤਮ ਹੋਣ ਤੋਂ ਬਾਅਦ, ਕੋਈ ਵੀ ਸਵਾਲ-ਜਵਾਬ ਦੀ ਲਾਈਨ ਵਿਚ ਨਹੀਂ ਲੱਗ ਸਕਦਾ।

**ਸਵਾਲ-ਜਵਾਬ ਲਈ ਹਿਦਾਇਤਾਂ:**

ਡੇਰੇ ਨੇ ਸਵਾਲਾਂ ਦੇ ਸੰਬੰਧਿਤ ਹੇਠਾਂ ਦਿੱਤੀ ਜਾਣਕਾਰੀ ਦੇਣ ਨੂੰ ਆਖਿਆ ਹੈ।

1. ਸਵਾਲ ਪੁੱਛਣ ਵਾਲਿਆਂ ਦੀ ਉਮਰ 18 ਸਾਲ ਜਾਂ 18 ਤੋਂ ਵੱਧ ਹੋਣੀ ਚਾਹੀਦੀ ਹੈ।
2. ਸਵਾਲ ਛੋਟੇ ਅਤੇ ਸਪਸ਼ਟ ਹੋਣੇ ਚਾਹੀਦੇ ਹਨ।
3. ਸਿਰਫ **ਇਕ** ਸਵਾਲ ਪੁੱਛਣਾ ਚਾਹੀਦਾ ਹੈ।
4. ਸਵਾਲ ਰੂਹਾਨੀਅਤ ਬਾਰੇ ਹੋਣੇ ਚਾਹੀਦੇ ਹਨ, ਨਾ ਕਿ ਨਿਜੀ, ਆਰਥਿਕ, ਸਿਹਤ, ਪਾਰਿਵਾਰਿਕ ਜਾਂ ਸਿਆਸੀ ਸਮੱਸਿਆਵਾਂ ਬਾਰੇ।
5. ਦੂਸਰਿਆਂ ਵੱਲੋਂ ਸਵਾਲ ਨਹੀਂ ਪੁੱਛਣੇ ਚਾਹੀਦੇ।
6. ਲੰਬੇ ਨੋਟ, ਕਵਿਤਾਵਾਂ ਤੇ ਚਿੱਠੀਆਂ ਨਹੀਂ ਪੜ੍ਹਨੀਆਂ ਚਾਹੀਦੀਆਂ।
7. ਜਦੋਂ ਬਾਬਾ ਜੀ ਤੁਹਾਡੇ ਸਵਾਲ ਦਾ ਜਵਾਬ ਦੇ ਰਹੇ ਹੋਣ ਤਾਂ ਉਨ੍ਹਾਂ ਨੂੰ ਵਿਚ ਨਾ ਟੋਕੋ ਜੀ; ਪਹਿਲਾਂ ਉਨ੍ਹਾਂ ਨੂੰ ਆਪਣੀ ਗੱਲ ਪੂਰੀ ਕਰਨ ਦਿਓ, ਫਿਰ ਬੋਲੋ।

ਸੰਗਤ ਲਈ ਬੇਨਤੀਆਂ:

1. **ਸਤਿਸੰਗ ਪ੍ਰੋਗਰਾਮ ਦੌਰਾਨ ਕਿਸੇ ਵੀ ਸਮੇਂ ਤਾੜੀ ਨਾ ਬਜਾਓ ਜੀ।**
2. **ਕਿਰਪਾ ਕਰ ਕੇ ਸਵਾਲ ਪੁੱਛਣ ਵਾਲਿਆਂ ਦੀ ਗੁਪਨਿਯਤਾ ਦਾ ਆਦਰ ਕਰੋ ਅਤੇ ਉਹਨਾਂ ਵੱਲ ਮੁੜ ਕੇ ਦੇਖਣ ਦੀ ਕੋਸ਼ਿਸ਼ ਨਾ ਕਰੋ ਜੀ।**

**ਇਹਨਾਂ ਚੀਜ਼ਾਂ ਨੂੰ ਲੈ ਕੇ ਆਉਣ ਦੀ ਮਨਾਹੀ ਹੈ –** ਮੋਬਾਈਲ ਫੋਨ, ਪੇਜਰ, ਕੈਮਰਾ, ਦੂਰਬੀਨ, ਲੇਜ਼ਰ ਪੋਇੰਟਰ, ਐੱਮ.ਪੀ.3 ਪਲੇਅਰ, ਜਿਸ ਵਿਚ ਆਈਪੋਡ, ਘੜੀਆਂ ਜੋ ਆਡੀਓ-ਵੀਡੀਓ ਰਿਕਾਰਡ ਕਰ ਸਕਦੀਆਂ ਹਨ ਤੇ ਅੱਗੇ ਭੇਜ ਸਕਦੀਆਂ ਹਨ, ਆਡੀਓ-ਵੀਡੀਓ ਰਿਕਾਰਡਰ, ਇਲੈਕਟ੍ਰਾਨਿਕ ਗੇਮਜ਼ ਜਾਂ ਕੋਈ ਵੀ ਹੋਰ ਇਲੈਕਟ੍ਰਾਨਿਕ ਚੀਜ਼, ਸਤਿਸੰਗ ਏਰੀਆ (ਹਾਲ, ਫੈਮਿਲੀ ਏਰੀਆ ਤੇ ਆਲੇ-ਦੁਆਲੇ ਦਾ ਏਰੀਆ) ਵਿਚ ਲਿਜਾਉਣ ਦੀ **ਮਨਾਹੀ ਹੈ**। ਜੇਕਰ ਤੁਸੀਂ ਕੋਈ ਐਸੀ ਚੀਜ਼ ਸੈਂਟਰ ਤੇ ਲਿਆਉਂਦੀ ਹੈ ਤਾਂ ਉਸ ਨੂੰ ਸੇਵਾਦਾਰਾਂ ਪਾਸ ਜਮਾਂ ਕਰਾ ਦਿਓ।

**ਤਸਵੀਰ ਲੈਣਾ ਅਤੇ ਆਡੀਓ/ਵੀਡੀਓ ਰਿਕਾਰਡਿੰਗ:** ਸੈਂਟਰ ਉੱਤੇ ਕਿਤੇ ਵੀ ਮੋਬਾਈਲ ਫੋਨ ਜਾਂ ਕਿਸੇ ਵੀ ਹੋਰ ਇਲੈਕਟ੍ਰਾਨਿਕ ਯੰਤਰ ਦੇ ਜ਼ਰੀਏ ਤਸਵੀਰ ਲੈਣ ਦੀ ਜਾਂ ਆਡੀਓ/ਵੀਡੀਓ ਰਿਕਾਰਡਿੰਗ ਕਰਨ ਦੀ ਮਨਾਹੀ ਹੈ।

**ਵੱਡੇ ਬੈਗ ਜਾਂ ਪਰਸ** (ਲਗਪਗ 6"x9" ਤੋਂ ਵੱਡੇ) ਅਤੇ ਖਾਣ-ਪੀਣ ਦੀਆਂ ਚੀਜ਼ਾਂ (ਸਿਵਾਏ ਪਾਣੀ ਤੋਂ) ਸਤਿਸੰਗ ਹਾਲ ਵਿਚ ਲਿਜਾਉਣਾ ਮਨ੍ਹਾਂ ਹਨ। ਇਸ ਗੱਲ ਦਾ ਖਿਆਲ ਰੱਖਣਾ ਕਿ ਹਾਲ ਜਾਂ ਫੈਮਿਲੀ ਏਰੀਆ ਦੇ ਅੰਦਰ ਜਾਣ ਤੋਂ ਪਹਿਲਾਂ ਹਰ ਬੈਗ ਦੀ ਜਾਂਚ ਕੀਤੀ ਜਾ ਸਕਦੀ ਹੈ। ਗੱਦੀਆਂ ਲੈ ਕੇ ਆਉਣ ਦੀ ਇਜਾਜ਼ਤ ਹੈ, ਪਰ ਮੈਟਲ ਫ਼ਰੇਮ ਵਾਲੀ ਕੁਰਸੀ ਦੀ ਇਜਾਜ਼ਤ ਨਹੀਂ ਹੈ।

**ਨੋਟ੍ਸ ਲੈਣਾ –** ਬਾਬਾ ਜੀ ਚਾਹੁੰਦੇ ਹਨ ਕਿ ਅਸੀਂ ਉਹਨਾਂ ਦੀ ਮੌਜੂਦਗੀ ਦਾ ਪੂਰਾ-ਪੂਰਾ ਫਾਇਦਾ ਉਠਾਈਏ ਅਤੇ ਆਪਣਾ ਸਮੇਂ ਅਤੇ ਧਿਆਨ ਨੋਟ੍ਸ ਲਿਖਣ ਵਿਚ ਨਾ ਲੱਗਾਈਏ। ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ, ਕਿ ਸਤਿਸੰਗ ਜਾਂ ਸਵਾਲ-ਜਵਾਬ ਦੇ ਦੌਰਾਨ ਨੋਟ੍ਸ ਨਾ ਲਿਖੋ। ਨੋਟ੍ਸ ਲਿਖਣ ਦੀ ਅਤੇ ਉਹਨਾਂ ਨੂੰ ਇੰਟਰਨੇਟ ਜਾਂ ਕਿਸੇ ਹੋਰ ਤਰੀਕੇ ਨਾਲ ਦੂਜਿਆਂ ਨੂੰ ਭੇਜਣ ਦੀ ਸਖ਼ਤ ਮਨਾਹੀ ਹੈ।

**ਪਾਰਕਿੰਗ ਅਤੇ ਪ੍ਰਾਪਰਟੀ ਤੋਂ ਬਾਹਰ ਨਿਕਲਣਾ –** ਬਜ਼ੁਰਗਾਂ ਅਤੇ ਖਾਸ ਜ਼ਰੂਰਤਾਂ (ਸਪੈਸ਼ਲ ਨੀਡ੍ਸ) ਵਾਲੇ ਲੋਕਾਂ ਲਈ ਦੂਰ ਦੇ ਪਾਰਕਿੰਗ ਏਰੀਆ ਤੋਂ ਸੀਮਿਤ ਟ੍ਰਾਂਸਪੋਰਟ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਇਹ ਸੰਭਵ ਹੈ ਕਿ ਗੱਡੀਆਂ ਨੂੰ ਸੈਂਟਰ ਤੋਂ ਬਾਹਰ ਨਿਕਲਣ ਵਿਚ ਕਾਫੀ ਸਮੇਂ ਲੱਗ ਜਾਏ, ਇਸ ਲਈ ਇੰਤਜ਼ਾਰ ਕਰਨ ਲਈ ਤਿਆਰ ਰਹਿਣਾ। ਇਲਾਕੇ ਵਿਚ ਟ੍ਰੈਫ਼ਿਕ ਹੋਣ ਕਾਰਣ, ਪ੍ਰੋਗਰਾਮ ਤੋਂ ਘੱਟੋ-ਘੱਟ 5 ਘੰਟੇ ਬਾਅਦ ਵਾਲੀਆਂ ਫਲਾਈਟਾਂ ਬੁੱਕ ਕਰਨ ਦਾ ਸਲਾਹ ਦਿੱਤੀ ਜਾਂਦੀ ਹੈ।

**ਟਰਾਂਸਪੋਰਟੇਸ਼ਨ –** ਕੁਝ ਚੁਣਿੰਦਾ ਹੋਟਲਾਂ ਤੋਂ ਸ਼ਟਲ ਬੱਸਾਂ ਦਾ ਇੰਤਜ਼ਾਮ ਕੀਤਾ ਜਾ ਸਕਦਾ ਹੈ। ਕਿਰਪਾ ਕਰਕੇ ਜ਼ਿਆਦਾ ਜਾਣਕਾਰੀ ਲਈ ਹੋਟਲ ਸ਼ਟਲ ਇਨਫਾਰਮੇਸ਼ਨ ਪੇਜ ਅਤੇ ਵੈਬਸਾਈਟ ਉੱਤੇ ਹੋਟਲ ਸ਼ਟਲ ਟਿੱਕਟ ਆਰਡਰ ਫਾਰਮ ਦੇਖੋ ਜੀ।

**ਸਤਿਸੰਗ ਤੇ ਬੱਚਿਆਂ ਨਾਲ ਆਉਣਾ –** 10 ਅਤੇ 10 ਤੋਂ ਵੱਧ ਉਮਰ ਦੇ ਬੱਚਿਆਂ ਨੂੰ ਸਤਿਸੰਗ ਵਿਚ ਆਉਣ ਦੀ ਇਜਾਜ਼ਤ ਹੈ। 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਪਣੇ ਮਾਂ-ਬਾਪ ਜਾਂ ਗਾਰਡੀਅਨ ਨਾਲ ਫੈਮਿਲੀ ਏਰੀਆ ਵਿਚ ਬੈਠਣਾ ਪਵੇਗਾ। ਸਤਿਸੰਗ ਦੇ ਦੌਰਾਨ ਅਤੇ ਜਦ ਤਕ ਬੱਚੇ ਸੈਂਟਰ ਉੱਤੇ ਹਨ, ਮਾਂ-ਬਾਪ ਜਾਂ ਗਾਰਡੀਅਨ ਉਨ੍ਹਾਂ ਲਈ ਜ਼ਿੰਮੇਵਾਰ ਹੋਣਗੇ। ਜ਼ਿਆਦਾ ਜਾਣਕਾਰੀ ਲਈ ਫੈਮਿਲੀ ਏਰੀਆ ਦਾ ਪੇਜ ਦੇਖੋ।

**ਖਾਸ ਜ਼ਰੂਰਤਾਂ ਵਾਲੇ ਲੋਕ (ਸਪੈਸ਼ਲ ਨੀਡ੍ਸ) –** ਖਾਸ ਜ਼ਰੂਰਤਾਂ ਵਾਲੇ ਲੋਕਾਂ ਲਈ ਸਹਾਇਤਾ ਉਪਲੱਬਧ ਹੋਵੇਗੀ। ਜਦੋਂ ਤੁਸੀਂ ਸੈਂਟਰ ਤੇ ਪਹੁੰਚੋ, ਕਿਰਪਾ ਕਰ ਕੇ ਵਿਸ਼ੇਸ਼ ਲੋੜਾਂ ਦੀ ਪਾਰਕਿੰਗ ਅਤੇ ਡ੍ਰੌਪ-ਆਫ਼ ਦੇ ਸੰਕੇਤਾਂ ਦੀ ਪਾਲਣਾ ਕਰੋ। ਸੈਂਟਰ ਕੋਲ ਨਿਜੀ ਉਪਯੋਗ ਲਈ ਕਿਸੇ ਵੀ ਤਰ੍ਹਾਂ ਦੇ ਮੈਡੀਕਲ ਉਪਕਰਣ, ਜਿਸ ਤਰ੍ਹਾਂ ਵੀਲਚੈਅਰ ਜਾਂ ਵਾਕਰ ਆਦਿ ਦਾ ਇੰਤਜ਼ਾਮ ਨਹੀਂ ਹੋਵੇਗਾ। **ਆਪਣੀ ਜ਼ਰੂਰਤ ਦੀਆਂ ਚੀਜ਼ਾਂ ਆਪਣੇ ਨਾਲ ਲੈ ਕੇ ਆਓ ਜੀ।** ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰ ਕੇ ਸਪੈਸ਼ਲ ਨੀਡ੍ਸ ਪੇਜ ਜਾਂ ਖਾਸ ਜ਼ਰੂਰਤਾਂ ਵਾਲਾ ਫਾਰਮ (Special Needs Application form) ਦੇਖੋ।

**ਸਥਾਨਕ ਲੋਕਾਂ ਨਾਲ ਸੰਬੰਧ –** ਸਤਿਸੰਗ ਵਿੱਚ ਆਉਣ ਵਾਲੇ ਹਰ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਸਥਾਨਕ ਲੋਕਾਂ ਨਾਲ ਆਪਣਾ ਵਿਵਹਾਰ ਨਿਮਰ ਅਤੇ ਚੰਗਾ ਰੱਖੇ। ਸਾਡੇ ਸਤਿਸੰਗ ਸੈਂਟਰਾਂ ਨੇ ਸਥਾਨਕ ਲੋਕਾਂ ਅਤੇ ਸਥਾਨਕ ਸਰਕਾਰਾਂ ਨਾਲ ਚੰਗੇ ਸੰਬੰਧ ਵਿਕਸਿਤ ਕੀਤੇ ਹਨ ਅਤੇ ਸਾਨੂੰ ਕੋਈ ਐਸਾ ਕੰਮ ਨਹੀਂ ਕਰਨਾ ਚਾਹੀਦਾ, ਜਿਸ ਨਾਲ ਇਹ ਸੰਬੰਧ ਖ਼ਰਾਬ ਹੋਣ। ਜੇ ਹੋ ਸਕੇ ਤਾਂ ਹੋਟਲ ਅਤੇ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਸਟਾਫ਼ ਨੂੰ ਟਿਪ ਜ਼ਰੂਰ ਦਿਓ।

**ਪਹਿਰਾਵਾ, ਇਤਰ, ਧੂਮ੍ਰਪਣ ਤੇ ਪਾਲਤੂ ਜਾਨਵਰ –** ਪਾਰਕਿੰਗ ਏਰੀਆ ਤੋਂ ਰਸਤਾ ਕੱਚਾ ਅਤੇ ਲੰਬਾ ਹੋ ਸਕਦਾ ਹੈ, ਇਸ ਲਈ ਮਜ਼ਬੂਤ ਜੁੱਤੀਆਂ ਪਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਹਾਲ ਖੁੱਲੀ ਹਵਾ ਵਿਚ ਹੈ, ਇਸ ਕਰਕੇ ਸਵੇਰ ਵੇਲੇ ਠੰਡ ਹੋ ਸਕਦੀ ਹੈ ਅਤੇ ਜਲਦੀ ਗਰਮੀ ਵੀ ਹੋ ਸਕਦੀ ਹੈ, ਉਸ ਹਿਸਾਬ ਨਾਲ ਕੱਪੜੇ ਪਾ ਕੇ ਆਓ ਜੀ। ਕੁਝ ਲੋਕਾਂ ਨੂੰ ਐਲਰਜੀ, ਦਮਾ ਆਦਿ ਦੀ ਸਮੱਸਿਆ ਹੋ ਸਕਦੀ ਹੈ, ਇਸ ਲਈ ਇਤਰ, ਖ਼ੁਸ਼ਬੂ ਵਗੈਰਾ ਲੱਗਾਉਣ ਤੋਂ ਪਰਹੇਜ਼ ਕਰੋ। ਸਤਿਸੰਗ ਘਰ ਦੀ ਪ੍ਰਾਪਰਟੀ ਤੇ ਸਿਗਰਟ ਪੀਣ ਅਤੇ ਪਾਲਤੂ ਜਾਨਵਰ ਲੈ ਕੇ ਆਉਣ ਦੀ ਮਨਾਹੀ ਹੈ। ਸਿਰਫ਼ ਸਰਟੀਫਾਈਡ ਸਰਵਿਸ ਜਾਨਵਰ ਪ੍ਰਾਪਰਟੀ ਤੇ ਲੈ ਕੇ ਆਉਣ ਦੀ ਇਜਾਜ਼ਤ ਹੈ।